(II) ਪੰਜਾਬੀ ਟ੍ਰਿਬਿਊਨ, ਸ਼ਨਿਚਰਵਾਰ, 12 ਦਸੰਬਰ, 1998

# ਲੇਖਕਾਂ ਦਾ ਆਪਣਾ ਫੋਰਮ ਕਿਹੋ ਜਿਹਾ ਹੋਵੇ ?

ਦੇਸ਼ ਦਾ ਜਿਹੜਾ ਰਾਜਸੀ, ਸਮਾਜਿਕ ਅਤੇ ਆਰਥਿਕ ਵਰਤਾਰਾ ਚਲ ਰਿਹਾ ਹੈ, ਉਹ ਕਿਸੇ ਵੀ ਪੱਖ ਤੋਂ ਤਸੱਲੀਬਖਸ਼ ਨਹੀਂ ਕਿਹਾ ਜਾ ਸਕਦਾ। ਇਕ ਚੇਤੰਨ ਵਿਅਕਤੀ ਅਤੇ ਚਿੰਤਕ ਹੋਣ ਦੀ ਹੈਸੀਅਤ ਵਿਚ ਲੇਖਕ ਨੇ ਆਪਣੀਆਂ ਲਿਖਤਾਂ ਵਿਚ ਇਸ ਬਾਰੇ ਆਪਣਾ ਫਿਕਰ ਦੱਸਣਾ ਹੀ ਦੱਸਣਾ ਹੈ। ਪਰ ਅਜੋਕੇ ਹਾਲਾਤ ਵਿਚ ਇਹ ਫਿਕਰ ਦੱਸਣਾ ਕਾਫੀ ਨਹੀਂ, ਇਸ ਵਰਤਾਰੇ ਵਿਚ ਦਖਲਅੰਦਾਜ਼ੀ ਦੀ ਲੋੜ ਨੂੰ ਵੀ ਹੁਣ ਜ਼ਰੂਰੀ ਸਮਝਿਆ ਜਾ ਰਿਹਾ ਹੈ। ਇਹ ਦਖਲਅੰਦਾਜ਼ੀ ਕਿਸ ਫੋਰਮ ਤੋਂ ਹੋਏ ਅਤੇ ਅਸਰਦਾਇਕ ਹੋਏ, ਇਹ ਸਵਾਲ ਆਸਾਮ ਦੇ ਲੇਖਕਾਂ ਨੇ ਬੜੇ ਜ਼ੋਰ ਨਾਲ ਉਠਾਇਆ ਹੈ। ਇਸ ਦੀ ਮਹੱਤਤਾ ਸਾਰੇ ਦੇਸ਼ ਲਈ ਹੈ।

ਗੁਹਾਟੀ ਤੋਂ ਇਕ ਖਬਰ ਅਨੁਸਾਰ ਉਤਰ ਪੂਰਬ ਵਿਚ ਜਿਹੜੀ ਦਹਿਸ਼ਤ ਅਤੇ ਮਾਰਧਾੜ ਦੀ ਲਹਿਰ ਚਲੀ ਹੋਈ ਹੈ, ਉਸ ਨੇ ਹੀ ਲੇਖਕਾਂ ਨੂੰ ਇਸ ਸਵਾਲ ਦੇ ਰੂਬਰੂ ਹੋਣ ਲਈ ਮਜਬੂਰ ਕੀਤਾ ਹੈ। ਕੀ ਉਹ ਕਤਲੋਗਾਰਤ, ਫਿਰੌਤੀਆਂ, ਮਾਸੂਮਾਂ ਦਾ ਕਤਲ ਅਤੇ ਫੇਰ ਫੌਜ ਤੇ ਪੁਲੀਸ ਵਲੋਂ ਦਹਿਸ਼ਤਗਰਦੀ ਨੂੰ ਦਬਾਉਣ ਦੇ ਕਥਿਤ ਮੰਤਵ ਨਾਲ ਪਿੰਡਾਂ ਦੇ ਪਿੰਡ ਉਜਾੜੇ ਜਾਣ ਦਾ ਸਾਰਾ ਅਮਲ ਸਿਰਫ ਨਾਵਲਾਂ, ਕਹਾਣੀਆਂ, ਕਵਿਤਾਵਾਂ ਵਿਚ ਬਿਆਨ ਕਰਕੇ ਸੁਰਖਰੂ ਹੋ ਜਾਣਗੇ? ਇਸ ਦਾ ਜਵਾਬ ਸਪਸ਼ਟ ਹੈ ਕਿ ਉਹ ਸੁਰਖਰੂ ਨਹੀਂ ਹੋ ਸਕਦੇ। ਫਿਰ ਉਹ ਕੀ ਕਰਨ? ਇਕ ਰਾਹ ਸਿਆਸੀ ਸਰਗਰਮੀ ਦਾ ਹੈ। ਸਾਰੇ ਵਰਤਾਰੇ ਬਾਰੇ ਕਿਸੇ ਲੇਖਕ ਦੀ ਸਿਆਸੀ ਵਿਚਾਰਧਾਰਾ ਵੀ ਹੋ ਸਕਦੀ ਹੈ। ਉਹ ਸਿਆਸੀ ਪਾਰਟੀ ਵਿਚ ਸਰਗਰਮ ਵੀ ਹੋ ਸਕਦਾ ਹੈ। ਪਰ ਬਹੁਤ ਸਾਰੇ ਲੇਖਕ ਇਹ ਰਾਹ ਨਹੀਂ ਅਪਣਾਉਣਾ ਚਾਹੁੰਣਗੇ। ਉਹ ਚਾਹੁੰਣਗੇ ਕਿ ਉਹ ਆਪਣੇ ਉਤੇ ਕਿਸੇ ਪਾਰਟੀ ਦਾ ਲੇਬਲ ਲਗਵਾਏ ਬਿਨਾਂ ਆਪਣੀ ਸਮਾਜਿਕ ਜ਼ਿੰਮੇਵਾਰੀ ਦੀ ਭੂਮਿਕਾ ਨਿਭਾਉਣ। ਇਹਦੇ ਲਈ ਉਨ੍ਹਾਂ ਨੂੰ ਇਕ ਫੋਰਮ ਦੀ ਲੋੜ ਹੈ। ਆਸਾਮ ਦੇ ਲੇਖਕਾਂ ਨੇ ਇਸੇ ਸੰਦਰਭ ਵਿਚ ਲੇਖਕ ਜਥੇਬੰਦੀਆਂ ਦੀ ਭੂਮਿਕਾ ਦੀ ਗੱਲ ਉਠਾਈ ਹੈ। ਆਸਾਮ ਦਾ ਸਿਰਮੌਰ ਲੇਖਕ ਚੰਦਰ ਪ੍ਰਸ਼ਾਦ ਸੈਕੀਆ ਆਪਣੇ ਸ਼ਬਦਾਂ ਵਿਚ ਇਸ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

''ਅਸੀਂ ਰੋਜ਼ ਅਖ਼ਬਾਰਾਂ ਵਿਚ ਇਹ ਖ਼ਬਰਾਂ ਪੜ੍ਹ ਰਹੇ ਹਾਂ। ਮਾਸੂਮ ਅਤੇ ਬੇਦੋਸ਼ੇ ਲੋਕ ਫਰੌਤੀਆਂ ਦੀ ਖਾਤਰ ਮਾਰੇ ਜਾ ਰਹੇ ਹਨ। ਨਿੱਕੇ ਬੱਚੇ ਅਗਵਾ ਕੀਤੇ ਜਾ ਰਹੇ ਹਨ। ਔਰਤਾਂ ਦਾ ਬਲਾਤਕਾਰ ਹੋ ਰਿਹਾ ਹੈ। ਕੀ ਅਸੀਂ ਲੇਖਕ ਮਿਲ ਕੇ ਇਸ ਬਾਰੇ ਕੁਝ ਨਹੀਂ ਕਰ ਸਕਦੇ? ਕੀ ਕੁਝ ਕਰਨ ਦੀ ਗੱਲ ਨੂੰ ਸਿਆਸਤ ਦਾ ਅਮਲ ਕਹਿ ਕੇ ਅਸੀਂ ਪਾਸਾ ਵੱਟ ਲਵਾਂਗੇ? ਜੇ ਕਾਤਲ ਆਪਣੇ ਆਪ ਨੂੰ ਜਥੇਬੰਦ ਕਰ ਸਕਦੇ ਹਨ, ਜੇ ਪੁਲੀਸ ਅਤੇ ਫੌਜ ਵੀ ਜਥੇਬੰਦੀ ਦੇ ਰੂਪ ਵਿਚ ਜ਼ੁਲਮ ਅਤੇ ਜਬਰ ਕਰ ਸਕਦੀ ਹੈ। ਤਾਂ ਕੀ ਫਿਰ ਅਸੀਂ ਲੇਖਕ ਹੀ ਹਾਂ ਜਿਨ੍ਹਾਂ ਨੇ ਜਥੇਬੰਦੀਆਂ ਹੁੰਦਿਆਂ ਹੋਇਆਂ ਵੀ ਕੁਝ ਕਰਨ ਦੀ ਥਾਂ ਆਪਣੇ ਆਪ ਉਤੇ ਬੰਦਸ਼ਾਂ ਲਾ ਕੇ ਆਪਣੇ ਆਪ ਨੂੰ ਮਹਿਦੂਦ ਕਰ ਲਿਆ ਹੈ। ਅਸੀਂ ਕਿਉਂ ਨਹੀਂ ਸੜਕਾਂ ਉਤੇ ਆਂਦੇ? ਸਾਨੂੰ ਆਉਣਾ ਚਾਹੀਦਾ ਹੈ। ਆਪਣੀ ਖ਼ੂਬਸੂਰਤ ਵਾਦੀ ਨੂੰ ਤਬਾਹ ਹੋਣ ਤੋਂ ਬਚਾਉਣਾ ਸਾਡਾ ਫਰਜ਼ ਹੈ। ਮਨੁੱਖ ਦੀਆਂ ਮਾਨਵੀ ਕਦਰਾਂ-ਕੀਮਤਾਂ ਦੀ ਰਾਖੀ ਅਸੀਂ ਕਰਨੀ ਹੈ। ਅਸੀਂ ਸਭ ਕੁਝ ਸਿਆਸਤਦਾਨਾਂ ਲਈ ਛੱਡ ਕੇ ਆਪ ਅਵੇਸਲੇ ਨਹੀਂ ਬੈਠ ਸਕਦੇ।''

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਇਹੀ ਚੁਣੌਤੀ ਅੱਜ ਜੰਮੂ-ਕਸ਼ਮੀਰ ਦੇ ਲੇਖਕਾਂ ਦੇ ਸਾਹਮਣੇ ਵੀ ਹੈ। ਇਹ ਚੁਣੌਤੀ ਕੁਝ ਸਾਲ ਪਹਿਲਾਂ ਸਾਡੇ ਸਾਹਮਣੇ ਸੀ। 1987-88 ਵਿਚ ਮੈਂ ਇਕ ਨਾਟਕ ਦੇ ਸਿਲਸਿਲੇ ਵਿਚ ਮੁੱਲਾਂਪੁਰ ਗਿਆ। ਦਾਖਾ ਵਿਚ ਰਹਿੰਦੇ ਸਵਰਗੀ ਸੰਤ ਸਿੰਘ ਸੇਖੋਂ ਨਾਲ ਮੈਂ ਪੰਜਾਬ ਦੇ ਸੰਤਾਪ ਬਾਰੇ ਲੇਖਕਾਂ ਦੀ ਭੂਮਿਕਾ ਦੀ ਗੱਲ ਕੀਤੀ। ਗੱਲਬਾਤ ਦੌਰਾਨ ਹੀ ਇਹ ਗੱਲ ਉਭਰੀ ਕਿ ਅਸੀਂ ਲੇਖਕ ਮਿਲ ਕੇ ਲੁਧਿਆਣਾ ਤੋਂ ਚੰਡੀਗੜ੍ਹ ਜਾਂ ਲੁਧਿਆਣਾ ਤੋਂ ਜਲੰਧਰ ਇਕ ਮਾਰਚ ਕਰੀਏ, ਉਹ ਭਾਵੇਂ ਚੁੱਪ ਮਾਰਚ ਹੀ ਹੋਵੇ। ਹੱਥਾਂ ਵਿਚ ਬੈਨਰ ਅਤੇ ਪਲੈਕਾਰਡ ਹੋਣ, ਜਿਨ੍ਹਾਂ ਉਤੇ ਲਿਖਿਆ ਹੋਵੇ - ਬੇਗੁਨਾਹਾਂ, ਮਾਸੂਮਾਂ ਦਾ ਕਤਲ ਬੰਦ ਕਰੋ... ਅਸੀਂ ਆਪਣੇ ਲਈ ਆਪਣੇ ਬੱਚਿਆਂ ਲਈ ਸ਼ਾਂਤੀ ਦੀ ਜ਼ਿੰਦਗੀ ਮੰਗਦੇ ਹਾਂ... ਅਸੀਂ ਗੈਰ ਇਨਸਾਨੀ ਵਰਤਾਰੇ ਦੀ ਨਿਖੇਧੀ ਕਰਦੇ ਹਾਂ ਭਾਵੇਂ ਉਹ ਪੁਲੀਸ ਵਲੋਂ ਹੋਵੇ, ਭਾਵੇਂ ਖਾਲਿਸਤਾਨੀ ਲਹਿਰ ਵਲੋਂ ਹੋਵੇ... ਅਸੀਂ ਜੀਣ ਦਾ ਹੱਕ ਮੰਗਦੇ ਹਾਂ।

ਸੇਖੋਂ ਨੇ ਇਹਦੇ ਬਾਰੇ ਆਪਣੀ ਸਹਿਮਤੀ ਦੱਸੀ ਭਾਵੇਂ ਪੰਜਾਬ ਦੇ ਸੰਤਾਪ ਬਾਰੇ ਉਨ੍ਹਾਂ ਦੇ ਵਿਚਾਰਾਂ ਬਾਰੇ ਮੇਰੇ ਕੁਝ ਕਿੰਤੂ ਵੀ ਸਨ। ਇਹ ਮਾਰਚ ਨਾ ਹੋ ਸਕਿਆ ਕਿਉਂਕਿ ਸੇਖੋਂ ਦੀ ਸਿਹਤ ਨੇ ਇਜਾਜ਼ਤ ਨਾ ਦਿੱਤੀ। ਪਰ ਵੱਡਾ ਕਾਰਨ ਇਹ ਸੀ ਕਿ ਲੇਖਕਾਂ ਦੇ ਕਿਸੇ ਖੁੱਲ੍ਹੇ ਫੋਰਮ ਉਤੇ ਇਹਦੇ ਬਾਰੇ ਵਿਚਾਰ-ਵਟਾਂਦਰਾ ਨਹੀਂ ਹੋ ਸਕਿਆ ਸੀ। ਜਿਸ ਤਰ੍ਹਾਂ ਉਤੇ ਜ਼ਿਕਰ ਕੀਤਾ ਗਿਆ ਹੈ, ਅੱਜ ਜੋ ਦੇਸ਼ ਵਿਚ ਵਰਤਾਰਾ ਚਲ ਰਿਹਾ ਹੈ, ਉਹਦੇ ਵਿਚ ਲੇਖਕਾਂ ਦੇ ਇਸ ਫੋਰਮ ਦੀ ਲੋੜ ਹੈ। ਲੇਖਕਾਂ ਨੂੰ ਇਹ ਫੋਰਮ ਮਿਲਣਾ ਚਾਹੀਦਾ ਹੈ। ਆਸਾਮ ਵਿਚ ਵੀ, ਜੰਮੂ-ਕਸ਼ਮੀਰ ਵਿਚ ਵੀ, ਪੰਜਾਬ ਵਿਚ ਵੀ ਅਤੇ ਭਾਰਤ ਦੇ ਬਾਕੀ ਸੂਬਿਆਂ ਵਿਚ ਵੀ ਇਹੋ ਜਿਹੇ ਫੋਰਮਾਂ ਦੀ ਲੋੜ ਹੈ।

ਪੰਜਾਬ ਵਿਚ ਇਹ ਫੋਰਮ ਕੇਂਦਰੀ ਪੰਜਾਬੀ ਲੇਖਕ ਸਭਾ ਪੇਸ਼ ਲੇਖਕ ਸਭਾ ਪੇਸ਼ ਕਰ ਸਕਦੀ
ਹੈ। ਉਂਜ ਜਦੋਂ ਵੀ ਇਸ ਕਿਸਮ ਦੀ
ਹੈ, ਲੇਖਕਾਂ ਦੀ ਇਕ ਧਿਰ ਵਲੋਂ ਇ
ਉਠਾਇਆ ਜਾਂਦਾ ਹੈ ਕਿ ਇਹ ਸਿ
ਅਤੇ ਲੇਖਕਾਂ ਨੂੰ ਆਪਣੇ ਆਪ ਨੂੰ ਸਿ
ਦੂਰ ਰੱਖਣਾ ਚਾਹੀਦਾ ਹੈ। ਇਹ ਇ
ਨਵਾਂ ਨਹੀਂ। ਅਜਿਹੇ ਇਤਰਾਜ਼
ਸਾਹਿਤਕ ਲਹਿਰ ਵਿਚ ਪਹਿਲੇ ਵੀ
ਹਨ। ਪਰ ਪੰਜਾਬੀ ਲੇਖਕਾਂ ਦਾ ਸ
ਇਸ ਗੱਲ ਦਾ ਧਾਰਨੀ ਰਿਹਾ ਹੈ ਕਿ
ਵਿਚ ਚਲ ਰਹੀ ਰਾਜਨੀਤੀ ਤੋਂ ਵੱ
ਸਕਦੇ। ਸਾਹਿਤ ਸਭਾਵਾਂ ਦੀ ਪੰਜਾ
ਬਾਰੇ ਜਦੋਂ ਵੀ ਇਤਿਹਾਸ ਲਿਖਿਆ
ਉਹਦੇ ਵਿਚ ਵਾਰ ਵਾਰ ਜ਼ਿਕਰ ਆ
ਇਨ੍ਹਾਂ ਸਭਾਵਾਂ ਨੇ ਨਾ ਕੇਵਲ ਪੰਜਾਬੀ
ਭੰਡਾਰ ਭਰਨ ਲਈ ਤਨੋ-ਮਨੋ ਅ
ਕੀਤਾ, ਸਗੋਂ ਨਾਲ ਹੀ ਅੰਗਰੇਜ਼ੀ
ਹਕੂਮਤ ਵਿਰੋਧੀ ਜਜ਼ਬੇ ਨੂੰ ਲਗਾਤਾ
ਅਤੇ ਸੁਦੇਸ਼ੀ ਰਾਜ ਦੀ ਵਿਸ਼ਵਾਸ
ਗੁੰਜਾਈ ਰੱਖਿਆ। ਲੇਖਕ ਹਮੇਸ਼ਾ
ਇਕ ਜ਼ਰੂਰੀ ਅੰਗ ਰਹੇ ਹਨ ਅਤੇ ਰ
ਦਿਸ਼ਾ ਦੇਣ ਲਈ ਆਪਣੀ ਭੂਮਿਕਾ
ਰਹੇ ਹਨ।

ਆਸਾਮ ਤੋਂ ਉੱਚੀ ਵੰਗਾਰ ਸਾਡੇ
ਲੇਖਕਾਂ ਲਈ ਵੀ ਵੰਗਾਰ ਹੈ। ਇਸ
ਜੇ ਅਸੀਂ ਰੂਬਰੂ ਨਹੀਂ ਹੋਵਾਂਗੇ ਤ
ਸਾਹਿਤ ਸਭਾਵਾਂ ਦੀ ਜਾਂ ਕੇਂਦਰੀ ਪੰਜ
ਸਭਾ ਦੀ ਸਰਗਰਮੀ ਬਸ ਪੇਪਰ ਪੜ੍ਹ
ਰਹਿ ਜਾਏਗੀ। ਸਾਧਾਰਨ ਲੋਕ ਨ
ਜੁੜਨਗੇ। ਸਾਹਿਤਕਾਰਾਂ ਨੇ ਜੇ ਜ਼ਿੰਦ
ਬਣਾਉਣ ਦੀ ਭੂਮਿਕਾ ਨਿਭਾਉਣੀ
ਨੂੰ ਇਕ ਫੋਰਮ ਦੀ ਲੋੜ ਹੈ। ਉਸ
ਸਾਹਿਤ ਬਨਾਮ ਰਾਜਨੀਤੀ, ਸਾਹਿ
ਸਮਾਜ, ਸਾਹਿਤ ਬਨਾਮ ਲੋਕ ਕਿ
ਉਤੇ ਖੁਲ੍ਹ ਕੇ ਬਹਿਸ ਹੋਵੇ। ਕੀ ਕੇਂਦ
ਲੇਖਕ ਸਭਾ ਇਹ ਫੋਰਮ ਪੇਸ਼ ਕਰ ਸ
ਇਹਦੇ ਬਾਰੇ ਖੁੱਲ੍ਹੀ ਬਹਿਸ ਦੀ ਲੋੜ